# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ.: 24/24/2008/PES/Complaints of Theft/ 4050
ਮਿਤੀ : 21 ਮਈ, 2013.

**ਵਿਸ਼ਾ: ਸੰਸਥਾਵਾਂ ਵਿੱਚ ਇੰਸਟਾਲ ਕੀਤੇ ਐਜੂਸੈਟ ਨਾਲ ਸਬੰਧਤ ਉਪਕਰਣਾ ਦੀਆਂ ਚੋਰੀਆਂ ਸਬੰਧੀ।**

ਮੁੱਖ ਦਫਤਰ ਵਿਖੇ ਐਜੂਸੈਟ ਨਾਲ ਸਬੰਧਤ ਸੰਸਥਾਵਾਂ ਵਿੱਚ ਚੋਰੀ ਦੀਆਂ ਵਾਰਦਾਤਾਂ ਦੀਆਂ ਰਿਪੋਰਟਾਂ ਤੋਂ ਪਤਾ ਲਗਾ ਹੈ ਕਿ ਚੋਰੀਆਂ ਵਿੱਚ ਵਾਧਾ ਹੋ ਰਿਹਾ ਹੈ ਜਿਸ ਦਾ ਇੱਕ ਕਾਰਣ ਇਹ ਵੀ ਹੈ ਕਿ ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ) ਵੱਲੋਂ ਚੋਰੀਆਂ ਸਬੰਧੀ ਐਫ.ਆਈ.ਆਰ.ਦਰਜ ਕਰਵਾ ਕੇ ਉਸਦੀ ਰਿਪੋਰਟ ਹੀ ਮੁੱਖ ਦਫਤਰ ਨੂੰ ਭੇਜੀ ਜਾਂਦੀ ਹੈ ਅਤੇ ਚੋਰੀ ਸਬੰਧੀ ਸੰਸਥਾਵਾਂ ਵਿੱਚ ਕੋਈ ਇੰਕੁਆਰੀ ਨਹੀਂ ਕੀਤੀ ਜਾਂਦੀ, ਫਲਸਰੂਪ ਸੰਸਥਾ ਦੇ ਮੁੱਖੀ / ਕਰਮਚਾਰੀਆਂ ਵੱਲੋਂ ਮੌਜੂਦ ਹਾਲਾਤ ਵਿੱਚ ਇਹਨਾਂ ਚੋਰੀਆਂ ਤੋਂ ਸਾਵਧਾਨੀ ਵਰਤਨ ਲਈ ਲੋੜੀਂਦੇ ਉਪਰਾਲੇ ਨਹੀਂ ਕੀਤੇ ਜਾ ਰਹੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਇਹ ਸੁਨਿਸ਼ਚਿਤ ਕਰਨ ਕਿ ਉਹਨਾਂ ਦੇ ਜਿਲ੍ਹੇ ਵਿੱਚ ਐਜੂਸੈਟ ਨਾਲ ਸਬੰਧਤ ਸੰਸਥਾਵਾਂ ਵਿੱਚ ਚੋਰੀ ਦੀ ਕੋਈ ਘਟਨਾ ਨਾ ਵਾਪਰੇ ਅਤੇ ਜੇਕਰ ਕਿਸੇ ਹਾਲਤ ਵਿੱਚ ਚੋਰੀ ਹੋ ਜਾਂਦੀ ਹੈ ਤਾਂ ਉਸ ਦੀ ਐਫ.ਆਈ.ਆਰ ਦੀ ਰਿਪੋਰਟ ਤੁਰੰਤ ਦਫਤਰ ਨੂੰ ਭੇਜਣ ਉਪਰੰਤ ਉਸ ਸੰਸਥਾ ਵਿੱਚ ਸਬੰਧਤ ਕੇਸ ਸਬੰਧੀ ਪੜਤਾਲ ਕਰਕੇ ਇਸਦੀ ਰਿਪੋਰਟ ਵੀ ਨਿਮਨ ਹਸਤਾਖਰੀ ਨੂੰ ਭੇਜਣ, ਤਾਂ ਜੋ ਰਿਪੋਰਟ ਅਨੁਸਾਰ ਸੰਸਥਾ ਦੇ ਮੁੱਖੀ / ਦੋਸ਼ੀ ਕਰਮਚਾਰੀ ਵਿਰੁਧ ਅਨੁਸ਼ਾਸ਼ਨਿਕ ਕਾਰਵਾਈ ਕੀਤੀ ਜਾ ਸਕੇ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: **24/24/2008/PES/Complaints of Theft/** 4051-52 ਮਿਤੀ: 21-5-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
2. ਡੀ.ਐਮ.(ਐਮ.ਆਈ.ਐਸ), ਐਸ.ਐਸ.ਏ ਪੰਜਾਬ ਨੂੰ ਵੈਬਸਾਈਟ ਤੇ ਤੁਰੰਤ ਪਾਉਣ ਲਈ ਭੇਜਿਆ ਜਾਂਦਾ ਹੈ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ